Press Note


**JAGAT GURU NANAK DEV PUNJAB STATE OPEN UNIVERSITY**
**PATIALA**
**(Established by Act No.19 of 2019 of Legislature of the State of Punjab)**


**PSOU/PRC/2025/156** **Date: 07 April 2025**

# ਓਪਨ ਯੂਨੀਵਰਸਿਟੀ ਵੱਲੋਂ ਪ੍ਰੋ. ਪੂਰਨ ਸਿੰਘ ਯੁਵਾ ਸਾਹਿਤ ਉਤਸਵ ਦਾ ਆਯੋਜਨ

**07 April 2025**

ਸਕੂਲ ਆਫ਼ ਲੈਂਗੂਏਜ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵਿਖੇ ਅਨਿੰਦਿਤਾ ਮਿੱਤਰਾ (ਆਈ.ਏ.ਐਸ.) ਮਾਨਯੋਗ ਵਾਈਸ ਚਾਂਸਲਰ ਦੀ ਯੋਗ ਅਗਵਾਈ ਹੇਠ ਸਾਹਿਤ ਅਕਾਦਮੀ ਨਾਲ ਮਿਲਕੇ ਪ੍ਰੋ. ਪੂਰਨ ਸਿੰਘ ਸਾਹਿਤ ਉਸਤਵ ਦਾ ਆਯੋਜਨ ਕੀਤਾ ਗਿਆ। ਪਹਿਲੇ ਭਾਗ ਵਿੱਚ ਪ੍ਰੋ. ਪੂਰਨ ਸਿੰਘ ਸਬੰਧੀ ਡਾ. ਹਰਪ੍ਰੀਤ ਸਿੰਘ ਅਤੇ ਅਮਰਜੀਤ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਨੇ ਕਿਹਾ ਕਿ ਪ੍ਰੋ. ਪੂਰਨ ਸਿੰਘ ਪੰਜਾਬੀ ਦੇ ਮਹਾਨ ਕਵੀ ਹਨ। ਜਿਸ ਦੀ ਤੁਲਨਾ ਟੈਗੋਰ ਅਤੇ ਇਕਬਾਲ ਵਰਗੇ ਕਵੀਆਂ ਨਾਲ ਕੀਤੀ ਜਾਂਦੀ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਪ੍ਰੋ. ਪੂਰਨ ਸਿੰਘ ਦੀ ਲਿਖਤ ਰੂਹਾਨੀ ਅਨੁਭੂਤੀ ਨਾਲ ਭਰੀ ਹੋਈ ਹੈ। ਉਹ ਇੱਕ ਪ੍ਰਕਿਰਤੀ ਦੇ ਕਵੀ ਸਨ, ਜਿਨ੍ਹਾਂ ਨੇ ਮਨੁੱਖੀ ਅਸਥਿਤਵ ਨੂੰ ਕਾਵਿ ਰੂਪ ਦਿੱਤਾ। ਉਨ੍ਹਾਂ ਦੀ ਲਿਖਤ ਵਿਚ ਆਧਿਆਤਮਿਕਤਾ ਤੇ ਵਿਗਿਆਨ ਦਾ ਸੰਤੁਲਨ ਮਿਲਦਾ ਹੈ।

ਉਤਸਵ ਦੀ ਪ੍ਰਧਾਨਗੀ ਕਰ ਰਹੇ ਦਰਸ਼ਨ ਬੁੱਟਰ ਨੇ ਕਿਹਾ ਕਿ ਪ੍ਰੋ. ਪੂਰਨ ਸਿੰਘ ਮਹਾਨ ਕਵੀ ਸਨ। ਉਹਨਾਂ ਕਿਹਾ ਕਿ ਪ੍ਰੋ. ਪੂਰਨ ਸਿੰਘ ਨੇ ਆਪਣੇ ਵਿਚਾਰਾਂ ਰਾਹੀਂ ਸਮਾਜਕ ਬਦਲਾਅ ਦੀ ਲਹਿਰ ਚਲਾਈ। ਉਹਨਾਂ ਦੀ ਲਿਖਤ ਵਿਚ ਕੌਮੀ ਚੇਤਨਾ ਝਲਕਦੀ ਹੈ। ਡਾ. ਅਮਰਜੀਤ ਕੌਂਕੇ ਨੇ ਕਿਹਾ ਕਿ ਪ੍ਰੋ. ਪੂਰਨ ਸਿੰਘ ਨੇ ਆਪਣੇ ਜੀਵਨ ਰਾਹੀਂ ਅਧਿਆਤਮਕਤਾ ਅਤੇ ਵਿਗਿਆਨ ਵਿਚੋਂ ਇੱਕ ਨਵਾਂ ਸੰਤੁਲਨ ਬਣਾਇਆ। ਉਹ ਇੱਕ ਸੰਨਿਆਸੀ, ਵਿਦਵਾਨ ਅਤੇ ਕਵੀ ਤਿੰਨੇ ਇਕਠੇ ਸਨ। ਉਹਨਾਂ ਦੀ ਜੀਵਨ ਯਾਤਰਾ ਪ੍ਰੇਰਣਾਦਾਇਕ ਹੈ। ਅਮਰਜੀਤ ਕਸਕ ਨੇ ਪ੍ਰੋ. ਪੂਰਨ ਸਿੰਘ ਦੀ ਵਿਲੱਖਣਤਾ ਨੂੰ ਬਿਆਨ ਕੀਤਾ ਅਤੇ ਕਿਹਾ ਕਿ ਉਸਦੀ ਵਿਲੱਖਣ ਪ੍ਰਤਿਭਾ ਹਰ ਨਿਬੰਧ ਅਤੇ ਕਵਿਤਾ ਦੇ ਹਰੇਕ ਸ਼ਬਦ, ਵਾਕ ਅਤੇ ਪੈਰੇ ਵਿਚੋਂ ਝਲਕਾਰੇ ਮਾਰਦੀ ਹੈ। ਪੰਜਾਬੀ, ਹਿੰਦੀ ਤੋਂ ਇਲਾਵਾ ਉਸਨੇ ਆਪਣੀ ਕਾਫੀ ਰਚਨਾ ਅੰਗਰੇਜ਼ੀ ਵਿੱਚ ਕੀਤੀ ਹੈ। ਪੰਜਾਬੀ ਵਿੱਚ ਉਸਦੇ ਦੋ ਕਾਵਿ ਸੰਗ੍ਰਹਿ 'ਖੁੱਲ੍ਹੇ-ਮੈਦਾਨ' ਅਤੇ 'ਖੁੱਲ੍ਹੇ-ਘੁੰਡ' ਮਿਲਦੇ ਹਨ। ਉਨ੍ਹਾਂ ਨੇ ਉਲਲੇਖ ਕੀਤਾ ਕਿ ਪੂਰਨ ਸਿੰਘ ਦੀ ਲਿਖਤ ਵਿੱਚ ਜਿੰਦਗੀ ਦੇ ਗਹਿਰੇ ਅਨੁਭਵ ਹਨ। ਉਹ ਅੰਦਰੂਨੀ ਜਗਤ ਨੂੰ ਬਾਹਰੀ ਸੰਸਾਰ ਨਾਲ ਜੋੜਦੇ ਹਨ। ਉਹ ਇੱਕ ਫਿਲਾਸਫਰ ਕਵੀ ਸਨ। ਬਲਵਿੰਦਰ ਸੰਧੂ ਨੇ ਕਿਹਾ ਕਿ ਪੰਜਾਬੀ ਖੁੱਲ੍ਹੀ ਕਵਿਤਾ ਦਾ ਆਗਾਜ਼ ਪ੍ਰੋ. ਪੂਰਨ ਸਿੰਘ ਦੁਆਰਾ ਵਾਲਟ ਵਿਟਮੈਨ ਦੀ ਕਵਿਤਾ ਦੀ ਪੁਸਤਕ "ਘਾਹ ਦੀਆਂ ਪੱਤੀਆਂ" ਤੋਂ ਪ੍ਰਭਾਵਿਤ ਹੋ ਕੇ ਕੀਤਾ ਜਾਂਦਾ ਹੈ। 'ਪੂਰਨ ਨਾਥ ਜੋਗੀ' ਉਹਨਾਂ ਦੁਆਰਾ ਲਿਖੀ ਪਹਿਲੀ ਪੰਜਾਬੀ ਖੁੱਲ੍ਹੀ ਕਵਿਤਾ ਹੈ। ਉਨ੍ਹਾਂ ਕਿਹਾ ਕਿ ਪੂਰਨ ਸਿੰਘ ਦੀ ਰਚਨਾ ਵਿਚ ਆਜ਼ਾਦੀ ਦੀ ਖੁਸ਼ਬੂ ਹੈ। ਉਹ ਕਵਿਤਾ ਨੂੰ ਲੀਕ ਤੋਂ ਹਟ ਕੇ ਲਿਆਏ। ਉਹ ਕਲਪਨਾਤਮਕਤਾ ਅਤੇ ਅਨੁਭਵ ਦਾ ਸੰਯੋਜਨ ਸਨ। ਸਮਾਗਮ ਦੇ ਦੂਸਰੇ ਹਿੱਸੇ ਵਿੱਚ ਪੰਜਾਬ ਦੇ ਵੱਖੋ ਵੱਖਰੇ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

07/04/25


Director-Public Relations Cell
ਡਾਇਰੈਕਟਰ
ਲੋਕ ਸੰਪਰਕ
Jagat Guru Nanak Dev
Punjab State Open University
Patiala – 147001(PB) INDIA

Photos






Links

[https://www.facebook.com/JGDNPSOUPATIALA/posts/the-school-of-languages-jgnd-psou-organizes-prof-puran-singh-yuva-sahit-utsavdat/122247407528031399/](https://www.facebook.com/JGDNPSOUPATIALA/posts/the-school-of-languages-jgnd-psou-organizes-prof-puran-singh-yuva-sahit-utsavdat/122247407528031399/)

[https://www.instagram.com/jagat_guru_nanak_dev_psou/p/DIDXoMnqUGk/](https://www.instagram.com/jagat_guru_nanak_dev_psou/p/DIDXoMnqUGk/)


ਡਾ. ਨਵਲੀਨ ਮੁਲਤਾਨੀ
ਡਾ. ਬਲਜੀਤ ਸਿੰਘ ਖਹਿਰਾ
ਡਾ. ਅਮਰਜੀਤ ਕੌਂਕੇ
ਬਲਵਿੰਦਰ ਸੰਧੂ ਅਤੇ ਅਮਰਜੀਤ ਕਸਕ
ਯੁਵਾ ਕਵੀ ਦਰਬਾਰ
ਪੁਸਤਕ ਰੀਲੀਜ਼ ਸਮਾਗਮ